ਵੱਲੋ

ਡਿਪਟੀ ਡਾਇਰੈਕਟਰ
ਅਰਬਨ ਲੋਕਲ ਬਾਡੀਜ, ਅੰਮ੍ਰਿਤਸਰ

ਵੱਲ

ਕਾਰਜ ਸਾਧਕ ਅਫਸਰ
ਨਗਰ ਪੰਚਾਇਤ, ਰਾਜਾਸਾਂਸੀ

ਨੰ:/ਡਡਸਸ/2017/9797 ਮਿਤੀ 16.8.17

ਵਿਸ਼ਾ:- ਨਗਰ ਪੰਚਾਇਤ, ਰਾਜਾਸਾਂਸੀ ਦਾ ਬਜੱਟ ਸਾਲ 2017-18 ਸਬੰਧੀ ।

ਪੰਜਾਬ ਮਿਉਂਸਪਲ ਅਕਾਊਂਟ ਕੋਡ 1930 ਦੇ ਰੂਲ 11.8 ਅਧੀਨ ਨਗਰ ਕੌਂਸਲ, ਦਾ ਬਜੱਟ ਅਨੁਮਾਨ ਸਾਲ 2017-18 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

(ਰਕਮ ਲੱਖਾਂ ਵਿਚ)

| ਆਮਦਨ | ਵਿਭਾਗ ਦੀ ਪ੍ਰਵਾਨਗੀ |
|---|---|
| ਮਿਤੀ 01-04-2017 ਨੂੰ ਮੁੱਢਲਾ ਬਾਇਆ | 11.06 |
| ਸਾਲ 2017-18 ਲਈ ਆਮਦਨ | 393.00 |
| ਕੁੱਲ | 404.06 |
| ਖਰਚਾ | |
| ੳ) ਅਮਲਾ ( ) | 125.50 |
| (ਜ) ਕੇਵਲ ਮੌਜੂਦਾ ਪੋਸਟਾਂ ਲਈ | 12.50 |
| (ਜਜ) ਪੈਨਸ਼ਨ ਕੰਟਰੀਬਿਊਸ਼ਨ | |
| (ਜਜਜ) ਰੀਟਾਇਰਮੈਂਟ ਬੈਨੀਫਿਟ (ਗਰੈਚੂਟੀ ਅਤੇ ਲੀਵ ਇੰਨਕੈਸਮੈਂਟ) | |
| (ਜਡ) ਲੰਬਿਤ ਰਿਟਾਇਰਮੈਂਟ ਡਿਊਜ਼ ਦੀ ਅਦਾਇਗੀ | |
| ਅ) ਕਟਾਜਸਾ | 19.00 |
| ੲ) ਵਿਕਾਸ ਦ ਕਮਾ ਲਈ ( ) | 136.00 |
| (ਜ) ਕਮਿਟਿੱਡ | 100..00 |
| (ਜਜ) ਨਾਨ-ਕਮਿਟਿੱਡ | |
| ਕੁਲ ਖਰਚਾ (ੳ + ਅ + ੲ) | 393.00 |
| ਮਿਤੀ 31-03-2018 ਲਈ ਅੰਤਿਮ ਬਕਾਇਆ | 11.06 |
| ਕੁਲ | **404.06** |

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ ਹੇਠਾਂ ਅਨੁਸਾਰ ਹੈ:-

ਆਮਦਨ: ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਦੀ ਕੁੱਲ ਆਮਦਨ ਰੁਪਏ 404.06 ਲੱਖ ਪ੍ਰਵਾਨ ਕੀਤੀ ਜਾਂਦੀ ਹੈ:-

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | ਵੈਟ/ਪੀ.ਅਮ.ਅਫ./ਚੁੰਗੀ ਪਟਰੋਲ ਡੀਜ਼ਲ | 300.00 |
| 2 | ਚੁੰਗੀ ਬਿਜਲੀ ਤੇ | 10.00 |
| 3 | ਪ੍ਰਾਪਰਟੀ ਟੈਕਸ | 12.50 |
| 4 | ਹਾਊਸ ਟੈਕਸ ਬਕਾਇਆ ਜਾਤ | 1.50 |
| 4 | ਵਾਟਰ ਅਤੇ ਸੀਵਰੇਜ਼ ਰੇਟ | 0 |
| 5 | ਰੈਂਟ/ਤਹਿਬਜ਼ਾਰੀ/ਵਾਹੀਯੋਗ ਜਮੀਨ | 11.50 |
| 6 | ਬਿਲਡਿੰਗ ਫੀਸਾਂ ਆਦਿ | 18.00 |
| 7 | ਬੱਸ ਅੱਡਾ ਫੀਸ | 0 |
| 8 | ਲਾਇੰਸਸ | 0 |
| 9 | ਐਡਵਰਟਾਈਜਮੈਂਟ ਟੈਕਸ | 2.00 |
| 10 | ਮਨੋਰੰਜਨ ਟੈਕਸ | 0 |
| 11 | ਪ੍ਰੋਪਰਟੀ ਦੀ ਸੇਲ | 0 |
| 12 | ਅਡੀਸ਼ਨਲ ਐਕਸਾਈਜ਼ ਡਿਊਟੀ | 16.00 |
| 13 | ਹੋਰ ਸਾਧਨਾਂ ਤੋਂ ਆਮਦਨ | 22.00 |
| | ਜੋੜ | **393.00** |

**ਖਰਚਾ:** **ਅਮਲਾ:** ਇਸ ਮੱਦ ਅਧੀਨ ਸਾਲ 2017-18 ਲਈ ਨਗਰ ਪੰਚਾਇਤ ਦਾ 138.00 ਲੱਖ ਰੁਪਏ ਦਾ ਬਜ਼ਟ ਪ੍ਰਵਾਨ ਕੀਤਾ ਜਾਂਦਾ ਹੈ, ਜਿਸ ਵਿਚੋਂ ਮੌਜੂਦਾ ਪੋਸਟਾਂ ਲਈ ਖਰਚਾ 125.50 ਲੱਖ ਰੁਪਏ, ਪੈਨਸ਼ਨ ਕੰਟ੍ਰੀਬਿਊਸ਼ਨ 12.50 ਲੱਖ ਰੁਪਏ, ਪ੍ਰਵਾਨ ਕੀਤਾ ਜਾਂਦਾ ਹੈ। ਨਗਰ ਪੰਚਾਇਤ ਅਜਨਾਲਾ ਦਾ ਖਾਲੀ ਆਸਾਮੀਆਂ ਦਾ ਖਰਚਾ ਅਮਲਾ ਮੱਦ ਵਿਚ ਨਹੀਂ ਦਿੱਤਾ ਗਿਆ ।

**ਕਟੀਜੈਂਸੀ:** ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ ਰੁਪਏ 19.00 ਲੱਖ ਪ੍ਰਵਾਨ ਕੀਤਾ ਜਾਂਦਾ ਹੈ :

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | ਸਟੇਸ਼ਨਰੀ | 1.00 |
| 2 | ਬਿਜ਼ਲੀ ਬਿੱਲ | 3.00 |
| 3 | ਪੈਟਰੋਲ/ਡੀਜ਼ਨ ਅਤੇ ਵਹੀਕਲ | 8.00 |
| 4 | ਵਰਦੀਆਂ | 0.00 |
| 5 | ਟੈਲੀਫੂਨ ਬਿੱਲ | 1.00 |
| 6 | ਕੰਪਿਊਟਰ ਲਈ | 1.00 |
| 7 | ਮਿਊਸੀਪਲ ਚੋਣ ਦਫਤਰ | 1.00 |
| 8 | ਡਾਇਰੈਕਟੋਰੇਟ ਚਾਰਜਜ | 1.00` |
| 9 | ਹੋਰ ਖਰਚੇ | 3.00 |
| | ਜੋੜ | **19.00** |

**ਵਿਕਾਸ:** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ ਰੁਪਏ 23.61 ਲੱਖ ਪ੍ਰਵਾਨ ਕੀਤਾ ਜਾਂਦਾ ਹੈ:

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| | ਨਾਨ ਕਮਿਟਿਡ ਖਰਚਾ | |
| 1 | ਨਿਊ ਰੋਡਜ਼ | 10.00 |
| 2 | ਰਿਪੇਅਰ ਆਫ਼ ਰੋਡਜ਼ | 10.00 |
| 3 | ਨਵੀਆਂ ਗਲੀਆਂ/ਨਾਲੀਆਂ | 30.00 |
| 4 | ਪੁਰਾਣੀਆਂ ਗਲੀਆਂ/ਨਾਲੀਆਂ ਦੀ ਰਿਪੇਅਰ | 10.00 |
| 5 | ਨਵੀਂ ਵਾਟਰ ਸਪਲਾਈ | 0.00 |
| 6 | ਨਵਾਂ ਸੀਵਰੇਜ਼ | 0.00 |
| 7 | ਸਲੱਮ ਇੰਮਪਰੂਵਮੈਂਟ | 10.00 |
| 8 | ਸਟਰੀਟ ਲਾਈਟ ਦੀ ਦੇਖਭਾਲ | 20.00 |
| 9 | ਮਸ਼ੀਨਰੀ ਦੀ ਖਰੀਦ | 0.00 |
| 10 | ਸੀ.ਡਬਲਯੂ.ਪੀ. | 50.00 |
| 11 | ਪਲਾਂਟੇਸ਼ਨ/ਪਾਰਕ | 5.00 |
| 12 | ਸਟਰੇਲਾਈਜ਼ੇਸ਼ਨ ਆਫ਼ ਡਾਗਜ਼ | 0.50 |
| 13 | ਫੁੱਟਕਲ ਕੰਮਾ ਲਈ | 4.00 |
| | ਜੋੜ (ੳ) | **100.00** |

| | | |
|---|---|---|
| | ਕਮਿਟਿਡ ਖਰਚਾ | |
| 1 | ਬਿਜ਼ਲੀ ਬਿੱਲ (ਸਟਰੀਟ ਲਾਈਟ) | 14.50 |
| 2 | ਬਿਜ਼ਲੀ ਬਿੱਲ (ਟਿਊਬਵੈਲ, ਡਿਸਪੋਜ਼ਲ ਆਦਿ) | 0.00 |
| 3 | ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਦੇਖਭਾਲ | 54.40 |
| 4 | ਸੀ.ਵੀ.ਓ. ਸੈਲ ਚਾਰਜਿਜ/ਆਡਿਟ ਫੀਸ/ਡਾਇਰੈਕਟੋਰੇਟ ਚਾਰਜਿਜ਼/ਚੋਣ ਖਰਚਾ | 2.50 |
| 5 | ਸੈਨੀਟੇਸ਼ਨ ਆਨ ਕੰਟਰੇਕਟ | 49.00 |
| 6 | ਕਰਜ਼ੇ ਦੀ ਅਦਾਇਗੀ | 0 |
| 7 | ਸੋਲਿਡ ਵੇਸਟ ਮੈਨਜ਼ਮੈਂਟ | 13.60 |
| 8 | ਫੁੱਟਕਲ ਕੰਮਾ ਲਈ | 2.00 |
| | ਜੋੜ (ਅ) | 136.00 |
| | ਕੁੱਲ ਜੋੜ (ੳ) + (ਅ) | **236.00** |

ਮਿਤੀ 31-03-2018 ਲਈ ਅੰਤਿਮ ਬਕਾਇਆ ਰੁਪਏ 11.06 ਲੱਖ ਹੈ

ਕਾਰਜ ਸਾਧਕ ਅਫ਼ਸਰ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2017-18 ਲਈ ਨਿਸ਼ਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਅਸਲ ਆਮਦਨ ਦੇ ਸਨਮੁੱਖ ਹੀ ਖਰਚ ਕੀਤਾ ਜਾਵੇ ਅਤੇ ਸਾਲ ਦੇ ਅੰਤ ਤੇ ਤਜਵੀਜ਼ਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

ਸ਼ਰਤਾਂ:

1) ਸਰਕਾਰ ਵਲੋ ਦਿਤੀਆ ਗਈਆ ਹਦਾਇਤਾ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਹਾਈ ਕੋਰਟ ਵਲੋ ਪਾਸ ਕੀਤੇ ਗਏ ਹੁਕਮ ਜਿਵੇ ਕਿ ਸੋਲਿਡ ਵੇਸਟ ਲਈ ਵਿਕਾਸ ਬਜਟ ਦਾ 10 ਪ੍ਰਤੀਸ਼ਤ ਖਰਚਾ ਇਨਾ ਮੱਦਾ ਲਈ ਰਾਖਵਾ ਰੱਖਿਆ ਗਿਆ ਹੈ।

2) ਕੰਟੀਜੈਸੀ ਦਾ ਖਰਚਾ ਪਿਛਲੇ ਸਾਲ ਦੇ ਖਰਚੇ ਨਾਲੋ 15 ਪ੍ਰਤੀਸ਼ਤ ਘਟਾਉਣ ਦੀ ਕੋਸ਼ਿਸ ਕੀਤੀ ਜਾਵੇ।

3) ਸੰਸਥਾਵਾ ਵਲੋ ਸਥਾਨਕ ਸੰਸਥਾ ਦਾ ਲੇਖਾ ਜੋਖਾ ਡਬਲ ਐਟਰੀ ਸਿਸਟਮ ਦੇ ਅਧਾਰ ਤੇ ਤਿਆਰ ਕੀਤਾ ਜਾਵੇ।

4) ਸਥਾਨਕ ਸੰਸਥਾ ਦੇ ਦਫਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜੱਟ ਉਪਬੰਧ ਕੀਤਾ ਗਿਆ ਹੈ।ਕੰਪਿਊਟਰ ਤੇ ਬਜਟ ਮੁਤਾਬਿਕ ਖਰਚਾ ਕੀਤਾ ਜਾਵੇ।

5) ਵੱਖ ਵੱਖ ਸੋਮਿਆ ਤੋ ਆਮਦਨ ਲਈ ਬਕਾਇਆ ਦੀ ਵਸੂਲੀ 12 ਮਹੀਨੇ ਵਿਚ ਵੰਡ ਕੇ ਹਰ ਮਹੀਨੇ ਦਾ ਟਾਰਗੇਟ 10 ਪ੍ਰਤੀਸ਼ਤ ਫਿਕਸ ਕੀਤਾ ਜਾਵੇ।

6) ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿਚ ਆਡਿਟ ਵਲੋ ਜੋ ਇਤਰਾਜ ਲਗਾਏ ਜਾਦੇ ਹਨ ਉਨਾਂ ਦਾ ਉਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਇਕ ਮਹੀਨੇ ਦੇ ਅੰਦਰ ਅੰਦਰ ਸਾਰੇ ਪੈਰੇ ਨਾਲ ਨਾਲ ਸੈਟਲ ਕਰਵਾਏ ਜਾਣ।

7) ਸਟਾਫ ਦੇ ਡਿਊਜ਼ ਅਤੇ ਵਿਸੇਸ ਕਰਕੇ ਸੇਵਾ ਨਵਿਰਤ ਅਧਿਕਾਰੀਆ/ਕਰਮਚਾਰੀਆ ਦੇ ਡਿਊਂ ਅਦਾ ਕਰਨ ਲਈ ਪਹਿਲ ਕੀਤੀ ਜਾਵੇ।

8) ਬਜੱਟ ਵਿਚ ਉਪਬੰਧ ਫੰਡਾ ਤੋ ਵੱਧ ਕੋਈ ਵੀ ਵਿਕਾਸ ਦਾ ਕੰਮ ਨਾ ਕਰਵਾਇਆ ਜਾਵੇ ਜਿਸ ਨਾਲ ਦੇਣਦਾਰੀਆ ਵਿਚ ਵਾਧਾ ਹੋਵੇਗਾ।

9) ਸਮੂਹ ਸਥਾਨਕ ਸੰਸਥਾਵਾ ਨੂੰ ਇਹ ਹਦਾਇਤ ਕੀਤੀ ਜਾਦੀ ਹੈ ਕਿ ਉਨਾਂ ਵਲੋ ਜੋ ਵਿਕਾਸ ਦੇ ਕੰਮ ਸੀਵਰੇਜ ਬੋਰਡ ਜਾਂ ਕਿਸੇ ਹੋਰ ਅਦਾਰੇ ਤੋ ਡਿਪਾਜਿਟ ਵਰਕਸ ਦੇ ਅਧੀਨ ਕਰਵਾਏ ਜਾਦੇ ਹਨ ਉਹਨਾਂ ਵਿਭਾਗਾ ਨਾਲ ਜਮਾ ਕਰਵਾਈ ਗਈ ਰਾਸੀ ਦੀ ਰੀਕੰਸੀਲੇਸ਼ਨ ਹਰ ਤਿਮਾਹੀ ਕੀਤੀ ਜਾਵੇ ਅਤੇ ਜਿਸ ਵਿਭਾਗ ਵਲੋ ਵੀ ਕੰਮ ਕੀਤਾ ਜਾ ਰਿਹਾ ਹੈ ਉਸ ਵਿਭਾਗ ਵਲੋ ਕੰਮ ਲੇਟ ਸ਼ੁਰੂ ਕਰਨ, ਮਿਥੇ ਸਮੇ ਅੰਦਰ ਨਾ ਕਰਨ ਅਤੇ ਆਪਣੇ ਪੱਧਰ ਤੇ ਫੰਡਾਂ ਨੂੰ ਕਿਸੇ ਹੋਰ ਕੰਮ ਨੂੰ ਵਰਤਣ ਦੇ ਕਾਰਨ ਸਥਾਨਕ ਸੰਸਥਾ ਨੂੰ ਹੋਏ ਨੁਕਸਾਨ ਬਾਰੇ ਸਬੰਧਤ ਵਿਭਾਗ/ਏਜੰਸੀ ਤੋ ਕਲੇਮ ਕੀਤਾ ਜਾਵੇ।

10) JNNURM ਦੀਆ ਸਕੀਮਾਂ ਜਿਵੇ ਕਿ UIG/UIDSSMT/IHSDP/BSUP ਆਦਿ ਜਿਨਾ ਦੀ ਫੰਡਿਗ 50:20:30,70:20:10, 80:10:10 ਆਦਿ ਦੇ ਅਨੁਪਾਤ ਵਿਚ ਕ੍ਰਮਵਾਰ ਕੇਦਰ ਸਰਕਾਰ, ਰਾਜ ਸਰਕਾਰ ਅਤੇ ਸਬੰਧਤ ਯੂ.ਐਲ.ਬੀ ਵਲੋ ਕੀਤੀ ਜਾਦੀ ਹੈ ਅਤੇ ਜਿਨਾਂ ਯੂ.ਐਲ.ਬੀ ਵਿਚ ਅਜਿਹੀਆ ਸਕੀਮਾ ਚਲ ਰਹੀਆ ਹਨ, ਉਹ ਯੂ.ਐਲ.ਬੀ ਅਜਿਹੀਆ ਸਕੀਮਾ ਵਿਚ ਆਪਣੇ ਬਣਦੇ ਹਿਸੇ/ਅਨੁਪਾਤ ਵਜੋ ਲੋੜੀਦੀ ਰਕਮ ਦੀ ਵਿਵਸਥਾ ਬਜੱਟ ਵਿਚ ਕੰਟਨਜੈਸੀ ਹੈਡ ਹੇਠ ਹੋਰ ਖਰਚਿਆਂ ਵਿਚੋ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਡਿਪਟੀ ਡਾਇਰੈਕਟਰ
ਅਰਬਨ ਲੋਕਲ ਬਾਡੀਜ
ਅੰਮ੍ਰਿਤਸਰ।

ਪਿਠ ਅੰਕਣ ਨੰਬਰ/ਡਡਸਸ/2017/ ਮਿਤੀ

ਇਸ ਦਾ ਇਕ ਉਤਾਰਾ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਡਿਪਟੀ ਡਾਇਰੈਕਟਰ
ਅਰਬਨ ਲੋਕਲ ਬਾਡੀਜ
ਅੰਮ੍ਰਿਤਸਰ।